

ਓਸਾਂ ਦਾ
ਪਸਾਰਾ
ਮਨਮੋਹਨ ਸਿੰਘ ਦਾਊਂ

ਬਾਲ-ਸਾਹਿਤ

# ਰੁੱਖਾਂ ਦਾ ਖ਼ਜ਼ਾਨਾ

( ਕਾਵਿ-ਰਚਨਾ )


ਮਨਮੋਹਨ ਸਿੰਘ ਦਾਊਂ

ਰਘਬੀਰ ਰਚਨਾ ਪ੍ਰਕਾਸ਼ਨ
ਚੰਡੀਗੜ੍ਹ

1993

- ਰੁੱਖਾਂ ਦਾ ਖ਼ਜ਼ਾਨਾ
- ਲੇਖਕ : ਮਨਮੋਹਨ ਸਿੰਘ ਦਾਊਂ
- ਪ੍ਰਕਾਸ਼ਕ : ਰਘਬੀਰ ਰਚਨਾ ਪ੍ਰਕਾਸ਼ਨ, 368/35–ਬੀ, ਚੰਡੀਗੜ੍ਹ
- ਪ੍ਰਿੰਟਰ : ਸੰਦੀਪ ਆਰਟ ਪ੍ਰਿੰਟਰਜ਼, ਚੰਡੀਗੜ੍ਹ ।
- ਚਿਤ੍ਰਕਾਰ : ਪ੍ਰਕਾਸ਼
- ਮੁੱਲ : 20/–

**RUKHAN DA KHAZANA—Manmohan Singh Daon**



ਮਨਮੋਹਨ ਸਿੰਘ ਦਾਊਂ


## ਲੇਖਕ ਦੀਆਂ ਬਾਲ-ਸਾਹਿਤ ਰਚਨਾਵਾਂ

1. ਮੇਰਾ ਦੀਵਾ (ਇਨਾਮ-ਜੇਤੂ)
2. ਫੁੱਲਾਂ ਵਾਲਾ ਘਰ (ਇਨਾਮ-ਜੇਤੂ)
3. ਚਾਨਣ ਦੀ ਟਹਿਣੀ (ਇਨਾਮ-ਜੇਤੂ)
4. ਸਭਿਆਚਾਰਕ-ਮੁਹਾਂਦਰੇ (ਇਨਾਮ ਜੇਤੂ)
5. ਚਾਚਾ ਨਹਿਰੂ
6. ਪੰਛੀਆਂ ਦੇ ਗੀਤ
7. ਫਲਾਂ ਦੀ ਟੋਕਰੀ
8. ਸੋਨ ਸਵੇਰਾ
9. ਫੁੱਲਾਂ ਦਾ ਪਘੂੜਾ
10. ਧਰਤੀ ਦੇ ਰੰਗ
11. ਚਾਨਣ ਦੇ ਗੀਤ






ਬਾਗਾਂ ਦਿਆ ਰਾਜਿਆ ਤੂੰ
ਬਾਗ ਨਾ ਉਜਾੜ ਵੇ,
ਸਾਵੇ ਸਾਵੇ ਰੁੱਖਾਂ ਉੱਤੇ
ਨਾ ਐਵੇਂ ਗੁੱਸਾ ਝਾੜ ਵੇ ।




ਬਾਗਾਂ ਦਿਆ ਰਾਜਿਆ ਤੂੰ
ਬਾਗ ਨਾ ਉਜਾੜ ਵੇ,
ਸਾਵੇ ਸਾਵੇ ਰੁੱਖਾਂ ਉੱਤੇ
ਨਾ ਐਵੇਂ ਗੁੱਸਾ ਝਾੜ ਵੇ ।







ਰੁੱਖ ਨੇ ਖ਼ਜ਼ਾਨਾ ਸਾਡਾ
ਰੁੱਖ ਦੇਣ ਛਾਂਵਾਂ ਵੇ,
ਵੱਢ ਵੱਢ ਰੁੱਖਾਂ ਤਾਂਈਂ
ਦੇਵੀਂ ਨਾ ਸਜ਼ਾਵਾਂ ਵੇ ।






ਫੁੱਲਾਂ ਲੱਦੇ ਬੂਟੜੇ ਦੀ
ਟਾਹਣੀ ਨਾ ਤ੍ਰੋੜ ਵੇ,
ਵੰਡਦੇ ਚੁਫੇਰੇ ਮਹਿਕਾਂ
ਫੁੱਲ ਨਾ ਮਰੋੜ ਵੇ ।






ਰੁੱਖ ਨੇ ਬਹਾਰ ਸਾਡੀ
ਧਰਤੀ ਦੇ ਜਾਏ ਵੇ,
ਮਿੱਠੇ ਮਿੱਠੇ ਫਲ ਅਸਾਂ
ਰੁੱਖਾਂ ਤੋਂ ਲੈ ਖਾਏ ਵੇ ।







ਰੁੱਖਾਂ ਉੱਤੇ ਪੰਛੀਆਂ ਨੇ
ਆਲ੍ਹਣੇ ਸਜਾਏ ਵੇ,
ਪੁੱਟ ਕੇ ਤੂੰ ਰੁੱਖ ਸੁਹਣੇ
ਪੰਛੀ ਵੀ ਉਡਾਏ ਵੇ ।






ਜੰਗਲਾਂ 'ਚ ਜੀਵ-ਜੰਤੂ
ਕਰਦੇ ਗੁਜ਼ਾਰਾ ਵੇ,
ਕਿੰਨੇ ਹੀ ਪ੍ਰਾਣੀਆਂ ਦਾ
ਰੁੱਖ ਹੀ ਸਹਾਰਾ ਵੇ ।





ਰੁੱਖਾਂ ਨਾਲ ਸਾਂਝ ਸਾਡੀ
ਪੱਤਾ ਪੱਤਾ ਗਾਏ ਵੇ,
ਠੰਢੀ ਠੰਢੀ ਪੌਣ ਤਾਜ਼ੀ
ਰੁੱਖ ਹੀ ਝੁਲਾਏ ਵੇ ।






ਰੁੱਖਾਂ ਰਾਹੀਂ ਰੋਗ ਸਾਡੇ
ਸੁਣੀਂ, ਹੁੰਦੇ ਦੂਰ ਵੇ,
ਰੁੱਖ ਨੇ ਖ਼ਾਮੋਸ਼ ਦਾਤੇ
ਨਾ ਹੋਣ ਮਗ਼ਰੂਰ ਵੇ ।




1647/12





ਰੁੱਖਾਂ ਦੀਆਂ ਜੜ੍ਹਾਂ ਨੂੰ ਹੈ
ਮਿੱਟੀ ਸੰਗ ਮੋਹ ਵੇ,
ਰੁੱਖਾਂ ਦੀ ਜੀਰਾਂਦ ਨਾਲ
ਕਰੀਂ ਨਾ ਧ੍ਰੋਹ ਵੇ ।






ਵਰਖਾ ਵਰ੍ਹਾਉਣ ਵਿੱਚ
ਰੁੱਖ ਦੇਣ ਸਾਥ ਵੇ,
ਪੜ੍ਹ ਕੇ ਕਿਤਾਬਾਂ ਦੱਸ
ਸੱਚੀ ਸੱਚੀ ਬਾਤ ਵੇ।







ਰੁੱਖ ਸਾਡੀ ਜੀਵਕਾ ਨੇ
ਕਹਿਣ ਵਿਦਵਾਨ ਵੇ,
ਰੁੱਖ ਹੀ ਸ਼ਿੰਗਾਰ ਸਾਡਾ
ਰੁੱਖਾਂ ਥੀਂ ਜਹਾਨ ਵੇ।






ਰੁੱਖ ਜਿੰਦ ਜਾਨ ਸਾਡੀ
ਰੁੱਖਾਂ ਦੇ ਸੌ ਸੁੱਖ ਵੇ,
ਰੁੱਖਾਂ ਬਾਝੋਂ ਧਰਤੀ 'ਤੇ
ਰਹਿਣਾ ਨੀਂ ਮਨੁੱਖ ਵੇ ।







ਲੋਭੀ ਹੋ ਕੇ ਰਾਜਿਆ ਤੂੰ
ਰੁੱਖਾਂ ਨੂੰ ਨਾ ਵੱਢ ਵੇ,
ਜੰਗਲਾਂ ਨੂੰ ਕੱਟਣੇ ਦੀ
ਭੈੜੀ ਹਿੰਡ ਛੱਡ ਵੇ ।





ਫੁੱਲ, ਬੂਟੇ, ਰੁੱਖਾਂ ਨਾਲ
ਵੱਸੇ ਸੰਸਾਰ ਵੇ,
ਥਾਂਓਂ ਥਾਂਈਂ ਰੁੱਖ ਲਾਕੇ
ਧਰਤੀ ਸ਼ਿੰਗਾਰ ਵੇ।





ਚੌਗਿਰਦਾ ਬਚਾਉਣ ਲਈ
ਰੁੱਖਾਂ ਨੂੰ ਸ਼ੰਭਾਲ ਵੇ,
ਰੁੱਖ ਨੇ ਖ਼ਜ਼ਾਨਾ ਸਾਡਾ
ਬਣੀਂ ਨਾ ਕੰਗਾਲ ਵੇ ॥